a2zpapers.com

**Exam. Code : 108601**
**Subject Code : 2875**

## B.Sc. Fashion Designing Semester—I

## MUDHLI PUNJABI

## Paper–VII (ii)

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਇੱਕ** ਦਾ ਉੱਤਰ ਦਿਓ :

   (ੳ) ਗੁਰਮੁਖੀ ਲਿੱਪੀ ਦੇ ਨਾਮਕਰਨ 'ਗੁਰਮੁਖੀ' ਪਿਛੇ ਕੀ ਕਾਰਣ ਹਨ ?

   (ਅ) 'ਪੈਂਤੀ ਅੱਖਰੀ ਦੀ ਤਰਤੀਬ ਭਾਰਤੀ ਉਚਾਰਨ ਪਰੰਪਰਾ ਦਾ ਅਨੁਸਰਨ ਕਰਦੀ ਹੈ।' ਸਪਸ਼ਟ ਕਰੋ। 10

2. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਇੱਕ** ਦਾ ਉੱਤਰ ਦਿਓ :

   (ੳ) ਤਵਰਗ ਦੀ ਉਚਾਰਨ ਰੀਤ ਬਾਰੇ ਲਿਖੋ।

   (ਅ) ਪੈਰ ਵਿੱਚ ਪੈਣ ਵਾਲੇ ਵਰਣਾਂ ਬਾਰੇ ਲਿਖੋ ਤੇ ਨਾਲ ਉਦਾਹਰਣਾਂ ਵੀ ਦਿਓ। 10

3. 'ਅੱਧਕ' ਪੰਜਾਬੀ ਦਾ ਅਖੰਡੀ ਧੁਨੀਮ ਹੈ। ਇਸ ਦੀ ਵਰਤੋਂ ਉਦਾਹਰਣਾਂ ਦੇ ਕੇ ਸਪਸ਼ਟ ਕਰੋ। 10

4. ਹੇਠ ਲਿਖੇ ਪੈਰੇ ਨੂੰ ਢੁਕਵੇਂ ਵਿਸ਼ਰਾਮ ਚਿੰਨ੍ਹ ਲਾਓ :

   ਜ਼ੈਡਵਿਚ ਨੇ ਉਨ੍ਹੀ ਦਿਨੀਂ ਲਿਖਿਆ ਚੈਕੋਸਲਾਵਾਕੀਆ ਨੂੰ ਬਚਾਉਂਦੀ ਮਿਲੇਨਾ ਬਿਲਕੁਲ ਚਰਚਲ ਵਾਂਗ ਲਗਦੀ ਰੌਸ਼ਨ ਮੱਥਾ ਮਿਹਰਬਾਨ ਅੱਖਾਂ ਬੇਡੌਲ ਜਿਹਾ ਮੂੰਹ ਪੂਰਨ ਆਤਮ ਵਿਸ਼ਵਾਸ ਸਹੀ ਰਾਜਨੀਤਕ ਸੂਝ ਬੂਝ ਉਸਨੂੰ ਚਰਚਿਲ ਵਰਗੀ ਬਣਾਉਂਦੀ



www.a2zpapers.com www.a2zpapers.com
ad free old Question papers gndu, ptu hp board, punjab

a2zpapers.com

ਉਸਦੀ ਹੱਥ ਲਿਖਤ ਦੇਖਕੇ ਮੈਕਸ ਬਰੋਦ ਨੇ ਲਿਖਿਆ ਪੂਰੀ ਟਾਮਸ ਮਾਨ ਵਰਗੀ ਲਿਖਤ ਟੱਮਸ ਮਾਨ ਦੀ ਹੱਥ ਲਿਖਿਤ ਅਦੁੱਤੀ ਮੰਨੀ ਜਾਂਦੀ ਸੀ।

ਉਸਨੇ ਬਹੁਤ ਚਿੰਤਕਾਂ ਨੂੰ ਸੁਰੱਖਿਅਤ ਸੀਮਾ ਪਾਰ ਕਰਵਾਇਆ ਖ਼ੁਦ ਨਹੀਂ ਗਈ ਉਸਦਾ ਫ਼ੈਸਲਾ ਪਰਾਗ ਵਿੱਚ ਮਰਨ ਦਾ ਸੀ ਉਸਨੂੰ ਪਤਾ ਸੀ ਗੋਲੀ ਖਾ ਕੇ ਮਰਨਾ ਬੜਾ ਸੌਖਾ ਹੈ ਵਾਲਾਂ ਤੋਂ ਫੜਕੇ ਘਸੀਟਣਾ ਗਾਲਾਂ ਲੱਤਾਂ ਘਸੁੰਨ ਵਧੀਕ ਜ਼ਲਾਲਤ ਭਰਿਆ ਹੈ ਪਰ ਕਿਸੇ ਨੂੰ ਤਾਂ ਕੁਰਬਾਨੀ ਦੇਣੀ ਪਵੇਗੀ ਹੀ ਮਿਲੇਨਾ ਤਿਆਰ ਸੀ ਇਕ ਦਿਨ ਪਿਤਾ ਦਾ ਫ਼ੋਨ ਆਇਆ ਕਿਹਾ-ਕਿਉਂ ਕੀ ਹੋਇਐ ਕੁੜੀਏ ਤੈਨੂੰ ਹੁਣ ਤੱਕ ਗ੍ਰਿਫ਼ਤਾਰ ਕਿਉਂ ਨੀਂ ਕੀਤਾ ਜਰਮਨਾਂ ਨੇ ਤੇਰੇ ਵਰਗੀ ਸ੍ਵੈਮਾਣ ਵਾਲੀ ਕੁੜੀ ਏਨੀ ਦੇਰ ਜੇਲ੍ਹ ਤੋਂ ਬਾਹਰ ਰਹਿਣੀ ਤਾਂ ਨੀ ਸੀ ਚਾਹੀਦੀ ਮਿਲੇਨਾ ਨੇ ਕੀ ਕਿਹਾ ਪਤਾ ਨਹੀਂ ਪਰ ਕੁਝ ਦਿਨ ਬਾਅਦ ਗੈਸਟਾਪੋ ਨੇ ਇੰਟੈਰੋਗੇਸ਼ਨ ਵਾਸਤੇ ਬੁਲਾ ਲਿਆ ਇਹ ਸਵਾਲ ਜਵਾਬ ਹੋਏ 10

5. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਇੱਕ** ਦਾ ਉੱਤਰ ਦਿਓ :

(ੳ) ਲਿੰਗ ਦੀ ਪਰਿਭਾਸ਼ਾ ਦੇ ਕੇ ਲਿੰਗ ਪ੍ਰਣਾਲੀ ਦਾ ਉਲੇਖ ਕਰੋ।

(ਅ) ਵਿਸ਼ੇਸ਼ਣ ਕੀ ਹੁੰਦਾ ਹੈ ? ਉਦਾਹਰਣਾਂ ਦੇ ਕੇ ਸਪਸ਼ਟ ਕਰੋ। 10



www.a2zpapers.com www.a2zpapers.com
oad free old Question papers gndu, ptu hp board, punjab